# ਮਾਡਲ ਪ੍ਰਸ਼ਨ-ਪੱਤਰ
## ਜਮਾਤ : ਨੌਵੀਂ
## ਵਿਸ਼ਾ : ਪੰਜਾਬੀ

**ਕੋਡ : 037** | **ਸੈਸ਼ਨ : 2023-24**
**ਸਮਾਂ : ਤਿੰਨ ਘੰਟੇ** | **ਕੁੱਲ ਅੰਕ : 80**
**ਪੇਪਰ : ਸਾਲਾਨਾ**

## ਭਾਗ (ੳ)

1. **ਹੇਠ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :**

ਝੂਠ ਬੋਲਣਾ ਪਾਪ ਮੰਨਿਆ ਗਿਆ ਹੈ ਤੇ ਸੱਚ ਬੋਲਣਾ ਇੱਕ ਵੱਡਾ ਧਰਮ । ਝੂਠ ਮਿੱਠਾ ਹੁੰਦਾ ਹੈ, ਇਸ ਨੂੰ ਬਜ਼ੁਰਗਾਂ ਨੇ ਮੰਨਿਆ ਹੈ। ਸਿਆਨਿਆਂ ਦਾ ਕਥਨ ਹੈ, ''ਸੱਚ ਮਿਰਚਾਂ ਤੇ ਝੂਠ ਗੁੜ।'' ਕਿਸੇ ਭੈੜੇ ਆਦਮੀ ਨੂੰ ਭੈੜਾ ਕਹੋ, ਜ਼ਾਲਮ ਨੂੰ ਜ਼ਾਲਮ ਅਤੇ ਮੂਰਖ ਨੂੰ ਮੂਰਖ ਤਾਂ ਉਹ ਸੁਣ ਕੇ ਗੁੱਸਾ ਖਾ ਜਾਵੇਗਾ ਤੇ ਸੱਚ ਬੋਲਣ ਵਾਲੇ ਨੂੰ ਕਸ਼ਟ ਦੇਣ ਦਾ ਯਤਨ ਕਰੇਗਾ। ਏਸੇ ਲਈ ਪੁਰਾਣੇ-ਸਮਿਆਂ ਵਿਚ ਜਦ ਕਦੀ ਰਾਜਿਆਂ ਤੇ ਰਈਸਾਂ ਨੂੰ ਉਨ੍ਹਾਂ ਦੀ ਕੋਈ ਗਲਤੀ ਦੀ ਚੇਤਾਵਨੀ ਦੇਣੀ ਹੁੰਦੀ ਸੀ ਤਾਂ ਉਨ੍ਹਾਂ ਦੇ ਦਰਬਾਰੀ ਨਿਕਟਵਰਤੀ ਕਿਸੇ ਸੁੰਦਰ ਜਾਂ ਮਨੋਰੰਜਕ ਝੂਠੇ ਸਵਾਂਗ ਰਾਹੀਂ ਉਨ੍ਹਾਂ ਦਾ ਧਿਆਨ ਇਸ ਪਾਸੇ ਖਿੱਚਦੇ ਸਨ।

(ੳ) ਸਿਆਨਿਆਂ ਨੇ ਸੱਚ ਨੂੰ 'ਮਿਰਚਾ' ਤੇ ਝੂਠ ਨੂੰ 'ਗੁੜ' ਕਿਉਂ ਕਿਹਾ ਹੈ? 2

(ਅ) ਪਿਛਲੇ ਸਮੇਂ ਵਿਚ ਕਿਸੇ ਦੀ ਭੁੱਲ ਨੂੰ ਕਿਵੇਂ ਚਿਤਾਰਿਆ ਜਾਂਦਾ ਸੀ? 2

(ੲ) ਢੁੱਕਵਾਂ ਸਿਰਲੇਖ ਲਿਖੋ। 1

2. **ਬਹੁਵਿਕਲਪੀ ਪ੍ਰਸ਼ਨ :**

(i) ਭਾਵਵਾਚਕ ਨਾਂਵ ਦੀ ਚੋਣ ਕਰੋ : 1

(ੳ) ਜਵਾਨੀ (ਅ) ਚੌਲ
(ਸ) ਦਰਵਾਜਾ (ਸ) ਕਿਤਾਬ

(ii) ਲੇਖਕ ਦਾ ਲਿੰਗ ਬਦਲੋ : 1

(ੳ) ਲੇਖਿਕਾ (ਅ) ਲਖਿਕਾ
(ੲ) ਲੇਖਕਾ (ਸ) ਲਖੇਕਾ

(iii) ਉਹ ਸ਼ਬਦ ਜੋ ਨਾਂਵ, ਪੜਨਾਂਵ ਦੇ ਗੁਣ-ਔਗੁਣ ਦਾ ਬੋਧ ਕਰਾਵੇ, ਉਨ੍ਹਾਂ ਸ਼ਬਦਾਂ ਕਹਿੰਦੇ ਹਨ : 1

(ੳ) ਵਿਸ਼ੇਸ਼ਣ (ਅ) ਨਾਂਵ

Contd... p/2

Downloaded from cclchapter.com

(ੲ) ਪੜਨਾਂਓ (ਸ) ਕਿਰਿਆ

(iv) 'ਸ਼ਰਮੀਲਾ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ : 1

(ੳ) ਸਰਮਾਇਆ (ਅ) ਬੇਸ਼ਰਮ

(ੲ) ਸ਼ਰਮਹੀਨ (ਸ) ਬੇਇੱਜਤ

(v) ਸਹੀ ਸ਼ਬਦ ਜੋੜ ਚੁਣੋ : 1

(ੳ) ਬੌਹਤ (ਅ) ਬਹੁਤ

(ੲ) ਬੁੌੜ (ਸ) ਬੋਹਤ

(vi) 'ਘੋੜਾ' ਸ਼ਬਦ ਕੀ ਹੈ : 1

(ੳ) ਤ੍ਰੈ-ਵਚਨ (ਅ) ਬਹੁ-ਵਚਨ

(ੲ) ਇਕ-ਵਚਨ (ਸ) ਕੋਈ ਵੀ ਨਹੀਂ

(vii) 'ਚੁੰਨੀ ਦਾ ਰੰਗ ਪੀਲਾ ਹੈ।' ਵਿਸ਼ੇਸ਼ਣ ਦੱਸੋ : 1

(ੳ) ਹੈ (ਅ) ਰੰਗ

(ੲ) ਚੁੰਨੀ (ਸ0 ਪੀਲਾ

**3. ਛੋਟੇ ਉੱਤਰਾਂ ਵਾਲੇ ਪ੍ਰਸ਼ਨ :**

(i) ਕਾਲ ਕਿੰਨੀ ਪ੍ਰਕਾਰ ਦੇ ਹੁੰਦੇ ਹਨ? 1

(ii) 'ਵਾਹ ਭਈ ਵਾਹ!' ਵਾਕ ਵਿੱਚ ਕਿਸ ਪ੍ਰਕਾਰ ਦਾ ਵਿਸਮਿਕ ਹੈ? 1

(iii) 'ਦੂਰ' ਸ਼ਬਦ ਦਾ ਵਿਰੋਧੀ ਸ਼ਬਦ ਦੱਸੋ। 1

(iv) 'ਸੌਦਾ' ਅਤੇ 'ਸੌਦਾ' ਵਿੱਚ ਕੀ ਫ਼ਰਕ ਹੈ। 1

(v) 'ਦਾਰ' ਪਿਛੇਤਰ ਤੋਂ ਇਕ ਸ਼ਬਦ ਬਣਾਓ । 1

(vi) 'ਹਮ' ਅਗੇਤਰ ਤੋਂ ਇਕ ਸ਼ਬਦ ਬਣਾਓ। 1

(vii) ਅਖਾਣ ਪੂਰੀ ਕਰੋ : 1

ਸੱਦੀ ਨਾ ਬੁਲਾਈ ਮੈਂ ਲਾੜੇ ਦੀ..........।

(viii) ਕਿਸੇ ਇਕ ਮੁਹਾਵਰੇ ਦਾ ਅਰਥ ਦੱਸ ਕੇ ਵਾਕ ਬਣਾਓ : 1

ਈਦ ਦਾ ਚੰਦ ਹੋਣਾ, ਮੂੰਹ ਦੀ ਖਾਣੀ

**4. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇਕ ਵਿਸ਼ੇ ਉੱਤੇ ਦਿੱਤੇ ਹੋਏ ਨੁਕਤਿਆਂ ਦੇ ਆਧਾਰ 'ਤੇ 200 ਸ਼ਬਦਾਂ ਦਾ ਲੇਖ ਲਿਖੋ : 5**

Contd... p/3

Downloaded from cclchapter.com

**ਰਾਸ਼ਟਰੀ ਏਕਤਾ**

**ਨੁਕਤੇ :** ਅੰਗਰੇਜ਼ਾਂ ਦੀ ਫੁੱਟ ਪਾਓ ਨੀਤੀ. ਅਜ਼ਾਦੀ ਦਾ ਸੰਘਰਸ਼. ਸੰਕਟਾਂ ਦਾ ਟਾਕਰਾ. ਮਿਲ ਕੇ ਰਹਿਣ ਦਾ ਮਹੱਤਵ. ਸਾਰ ਅੰਸ਼ ।

ਜਾਂ

**ਕਰੋਨਾ ਦਾ ਕਹਿਰ**

**ਨੁਕਤੇ :** ਭਿਆਨਕ ਮਹਾਂਮਾਰੀ. ਲੱਛਣ. ਬੀਮਾਰੀ ਦਾ ਪਸਾਰਾ. ਦਵਾਈਆਂ ਤੇ ਇਲਾਜ. ਸਰਕਾਰੀ ਯਤਨ. ਲੋਕਾਂ ਦਾ ਰਵੱਈਆ. ਸਾਰ ਅੰਸ਼।

ਜਾਂ

**ਵਾਤਾਵਰਣ ਪ੍ਰਦੂਸ਼ਣ**

**ਨੁਕਤੇ :** ਧਰਤੀ ਉੱਤੇ ਜੀਵਨ ਦੀ ਉਪਜ. ਪ੍ਰਦੂਸ਼ਣ ਦਾ ਪਸਾਰ. ਹਵਾ, ਜਲ, ਮਿੱਟੀ, ਸ਼ੋਰ-ਸ਼ਰਾਬਾ, ਖੁਰਾਕ ਦਾ ਪ੍ਰਦੂਸ਼ਿਤ ਹੋਣਾ. ਸਾਵਧਾਨ ਹੋਣ ਦੀ ਲੋੜ. ਸਾਰ-ਅੰਸ਼ ।

5. **ਹੇਠ ਲਿਖੇ ਨੁਕਤਿਆਂ ਦੇ ਆਧਾਰ 'ਤੇ ਕੋਈ ਇਕ ਪੱਤਰ ਲਿਖੋ।** 5

ਆਪਣੇ ਮਿੱਤਰ ਜਾਂ ਸਹੇਲੀ ਨੂੰ ਚਿੱਠੀ ਲਿਖੋ ਜਿਸ ਵਿਚ ਉਸ ਦੀ ਭੈਣ ਦੇ ਹੋਣ ਵਾਲੇ ਵਿਆਹ ਵਿਚ ਬੇਲੋੜੇ ਖਰਚੇ ਨਾ ਕਰਨ ਦੀ ਸਲਾਹ ਦਿੱਤੀ ਜਾਵੇ।

**ਨੁਕਤੇ :** ਸਤਿਕਾਰ ਭਰੇ ਸ਼ਬਦ. ਵਿਆਹ ਦੀ ਵਧਾਈ. ਸਾਦਾ ਵਿਆਹ ਦੀ ਕਰਨ ਦੀ ਤਾਕੀਦ. ਬੇਲੋੜੇ ਖ਼ਰਚੇ ਨਾ ਕਰਨ ਦੀ ਸਲਾਹ. ਉਹ ਪੈਸਾ ਕਿਸੇ ਚੰਗੇ ਕੰਮ ਵਿਚ ਲਾਉਣ ਦੀ ਸਲਾਹ. ਧੰਨਵਾਦ. ਆਪਣਾ ਸਿਰਨਾਵਾਂ ।

ਜਾਂ

ਪ੍ਰਕਾਸ਼ਕ ਕੋਲੋਂ ਤੁਸੀ ਪੁਸਤਕਾਂ ਮੰਗਵਾਈਆਂ ਸਨ, ਪਰ ਉਹ ਪੁਸਤਕਾਂ ਬੜੀ ਹੀ ਮਾੜੀ ਹਾਲਤ ਵਿੱਚ ਹਨ। ਹੇਠ ਲਿਖੇ ਨੁਕਤਿਆਂ ਦੇ ਆਧਾਰ 'ਤੇ ਪ੍ਰਕਾਸ਼ਕ ਨੂੰ ਪੱਤਰ ਲਿਖੋ ।

**ਨੁਕਤੇ :** ਸਤਿਕਾਰ ਭਰੇ ਸ਼ਬਦ. ਪਿਛਲੇ ਹਫਤੇ ਪੁਸਤਕ-ਸੂਚੀ ਅਨੁਸਾਰ ਪੁਸਤਕਾਂ ਮੰਗਵਾਈਆਂ. ਕੁਝ ਪੁਸਤਕਾਂ ਦੀ ਹਾਲਤ ਮਾੜੀ. ਜਿਲਦਾ ਫਟੀਆਂ. ਛਪਾਈ ਠੀਕ ਨਹੀਂ. ਪੁਸਤਕਾਂ ਛੇਤੀ ਤੋਂ ਛੇਤੀ ਬਦਲ ਕੇ ਭੇਜਣ ਦੀ ਤਾਕੀਦ. ਧੰਨਵਾਦ. ਆਪਣਾ ਸਿਰਨਾਵਾਂ ।

Contd... p/4

Downloaded from cclchapter.com

## ਭਾਗ (ਅ)

6. (ੳ) ਹੇਠ ਲਿਖੇ ਕਾਵਿ ਟੋਟਿਆਂ ਵਿੱਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ: 3

ਇਹ ਤੇਰੇ ਪੁੱਤਰ ਵਰਗਾ ਏ
ਜਿਸ ਨੂੰ ਤੂੰ ਝਿੜਕੀ ਜਾਨਾਂ ਏਂ।
ਭਗਵਾਨ ਇਹਦੇ ਵਿਚ ਵਸਦਾ ਏ,
ਭਗਵਾਨ ਨੂੰ ਕਿਉਂ ਦਬਕਾਨਾ ਏਂ।

ਜਾਂ

ਕੁਝ ਲੋਕ ਬਾਗ਼ ਨੂੰ ਉਜਾੜਣੇ ਦੀ ਸੋਚਦੇ ਨੇ।
ਸੂਹੇ ਫੁੱਲ ਅੱਗ ਵਿਚ ਸਾੜਣੇ ਦੀ ਸੋਚਦੇ ਨੇ।
ਕਿਸੇ ਵੀ ਸ਼ਰਾਰਤੀ ਦੀ ਮੰਨੀਏਂ ਨਾ ਗੱਲ ਕੋਈ
ਫੁੱਟ ਪਾਉਣ ਵਾਲਿਆਂ ਨੂੰ ਦੂਰੋਂ ਫਿਟਕਾਰੀਏ।

(ੳ) ਕਵੀ ਸਮੇਂ ਨੂੰ ਰੋਕਣ ਲਈ ਕੀ-ਕੀ ਜਤਨ ਕਰਦਾ ਹੈ?

(ਅ) ਰੁੱਖਾਂ ਦੀ ਬੋਲੀ ਕਿਸ ਤਰ੍ਹਾਂ ਦੀ ਹੈ?

(ੲ) ਕਿਸ ਦੀ ਗੱਲ ਨਹੀਂ ਮੰਨਣੀ?

7. **ਬਹੁਵਿਕਲਪੀ ਪ੍ਰਸ਼ਨ :**

(i) ਰਾਣੀ ਕਿੰਨੀ ਪੜ੍ਹੀ ਲਿਖੀ ਕੁੜੀ ਸੀ? 1

(ੳ) ਬੀ.ਏ. (ਅ) ਐਮ.ਏ.ਬੀ.ਐਡ.

(ੲ) ਦਸਵੀਂ (ਸ) ਐਮ. ਏ.

(ii) ਕਰਤਾਰ ਸਿੰਘ ਸਰਾਭਾ ਦੀ ਜੀਵਨੀ ਕਿਸ ਲੇਖ ਨੇ ਲਿਖੀ? 1

(ੳ) ਭਾਈ ਵੀਰ ਸਿੰਘ (ਅ) ਹਰਿਭਜਨ ਸਿੰਘ

(ੲ) ਹਰਬੰਸ ਸਿੰਘ ਚਾਵਲਾ (ਸ) ਪ੍ਰੋ. ਮੋਹਨ ਸਿੰਘ

(iii) ਸੱਦਾ ਸਿੰਘ ਦੀ ਮੌਤ ਕਿਹੜੇ ਸੰਦ ਨਾਲ ਹੋਈ? 1

(ੳ) ਗੰਡਾਸੀ ਨਾਲ (ਅ) ਕਹੀ ਨਾਲ

(ੲ) ਖੁਰਪੇ ਨਾਲ (ਸ) ਕੁਹਾੜੀ ਨਾਲ

(v) ਮਦਨ ਲਾਲ ਢੀਂਗਰਾ ਦਾ ਜਨਮ ਕਦੋਂ ਹੋਇਆ? 1

(ੳ) 15 ਅਗਸਤ 1947 (ਅ) 15 ਜਨਵਰੀ 1950

(ੲ) 18 ਫਰਵਰੀ 1983 (ਸ) 20 ਦਿਸੰਬਰ 1855

Contd... p/5

Downloaded from cclchapter.com

8. **ਇਕ ਸ਼ਬਦ ਵਿਚ ਉੱਤਰ ਦਿਓ :** 1x4=4

(i) ਰੱਬ ਕਿੱਥੇ ਵੱਸਦਾ ਹੈ?

(ii) ਸਿੰਮਲ ਰੁੱਖ ਦਾ ਫਲ਼ ਕਿਹੋ ਜਿਹਾ ਹੁੰਦਾ ਹੈ?

(iii) ਕਿਸ਼ਨ ਕਿਸ ਇਕਾਂਗੀ ਦਾ ਪਾਤਰ ਹੈ?

(iv) ਕਰਤਾਰਾ ਕੌਤਕੀ ਇਕਾਂਗੀ ਦਾ ਸਭ ਤੋਂ ਛੋਟਾ ਪਾਤਰ ਕੌਣ ਹੈ?

9. **ਛੋਟੇ ਉੱਤਰਾਂ ਵਾਲੇ ਪ੍ਰਸ਼ਨ (ਉੱਤਰ 20-25 ਸ਼ਬਦਾਂ ਵਿੱਚ)** 2x5=10

(i) ਭਗਤ ਸਿੰਘ ਦੀ ਜੇਬ ਵਿਚ ਕਿਸ ਦੀ ਤਸਵੀਰ ਰਹਿੰਦੀ ਸੀ?

(ii) ਗੁਰਬਾਣੀ ਅਨੁਸਾਰ ਸਤੀਆਂ ਇਸਤਰੀਆਂ ਕੌਣ ਹੁੰਦੀਆਂ ਹਨ?

(iii) ਮਲਟੀਮੀਡੀਆ ਦੀ ਵਰਤੋਂ ਆਪਣੇ ਸ਼ਬਦਾਂ ਵਿਚ ਬਿਆਨ ਕਰੋ।

(iv) ਲੰਦਨ ਜਾ ਕੇ ਮਦਨ ਲਾਲ ਨੂੰ ਕੀ ਮਹਿਸੂਸ ਹੋਇਆ?

(v) ਕਰਤਾਰ ਸਿੰਘ ਸਰਾਭਾ ਨੂੰ ਫਾਂਸੀ ਦੇਣ ਲਈ ਉਸ ਉਤੇ ਕੀ ਇਲਜ਼ਾਮ ਲਗਾਇਆ ਗਿਆ ਸੀ?

10. **ਛੋਟੇ ਉੱਤਰਾਂ ਵਾਲੇ ਪ੍ਰਸ਼ਨ (ਉੱਤਰ 20-25 ਸ਼ਬਦਾਂ ਵਿੱਚ)** 2x4=8

(i) ਗੱਪਬਾਜ਼ ਕਿੰਨ੍ਹਾਂ ਥਾਵਾਂ 'ਤੇ ਮੌਜੂਦ ਹੁੰਦਾ ਹੈ?

(ii) ਸਰ੍ਹੋਂ ਦਾ ਸਾਗ ਖਾਣ ਨਾਲ ਕੀ ਫਾਇਦਾ ਹੁੰਦਾ ਹੈ?

(iii) 'ਫ਼ਰੀਦਾ ਜੇ ਤੂੰ ਅਕਲਿ ਲਤੀਫ਼' ਸਲੋਕ ਦਾ ਕੇਂਦਰੀ ਭਾਵ ਲਿਖੋ।

(iv) ਸਵੈ-ਰੱਖਿਆ ਦੇ ਵੱਖੋਂ-ਵੱਖਰੇ ਤਰੀਕੇ ਸਿੱਖਣਾ ਕਿਉਂ ਜ਼ਰੂਰੀ ਹੈ?

11. **ਵੱਡੇ ਉੱਤਰ ਵਾਲੇ ਪ੍ਰਸ਼ਨ (ਉੱਤਰ 40-50 ਸ਼ਬਦਾਂ ਵਿੱਚ)** 3x4=12

(i) ਕੱਬਡੀ ਖੇਡ ਪੰਜਾਬੀਆਂ ਦੀ ਹਰਮਨ ਪਿਆਰੀ ਖੇਡ ਕਿਉਂ ਹੈ?

(ii) ਬੁਲੇਟ ਟਰੇਨ ਦੀ ਸੁਰੱਖਿਆਂ ਦੇ ਕੀ ਤਰੀਕੇ ਹਨ?

(iii) ਦੇਸ਼ ਉੱਤੇ ਆਏ ਬੁਰੇ ਸਮੇਂ ਨੂੰ ਕਿਵੇਂ ਠੀਕ ਕੀਤਾ ਜਾ ਸਕਦਾ ਹੈ?

(iv) ਪਲ-ਭਰ ਦਾ ਗੁੱਸਾ ਜ਼ਿੰਦਗੀ ਨੂੰ ਬਰਬਾਦ ਕਰ ਸਕਦਾ ਹੈ? ਇਸ ਤੋਂ ਬੱਚਣ ਲਈ ਕੀ ਕੁੱਝ ਕੀਤਾ ਜਾ ਸਕਦਾ ਹੈ?

12. **ਵੱਡੇ ਉੱਤਰ ਵਾਲੇ ਪ੍ਰਸ਼ਨ (ਉੱਤਰ 40-50 ਸ਼ਬਦਾਂ ਵਿੱਚ)** 3x3=9

(i) ਬਾਬੇ ਬਾਰੂ ਦੇ ਪੁੱਤਰਾਂ ਨੇ ਬਾਰੂ ਨਾਲ ਕਿਹੋ ਜਿਹਾ ਸਲੂਕ ਕੀਤਾ?

(ii) ਰਾਣੀ ਵਿਦੇਸ਼ ਕਿਉਂ ਨਹੀਂ ਜਾਣਾ ਚਾਹੁੰਦੀ ਸੀ।

(iii) ਕਲਪਨਾ ਚਾਵਲਾ ਦੇ ਬਚਪਨ ਬਾਰੇ ਲਿਖੋ।

✡ ✡ ✡ ✡ ✡ ✡

Downloaded from cclchapter.com